# ਰੋਜਾਨਾ ਕਰਾਇਮ ਰਿਪੋਰਟ ਮਿਤੀ 14.11.2023

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ ਅਤੇ ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਕੋਟਭਾਈ | 150 ਮਿਤੀ 13.11.2023 ਅ/ਧ 452,323,34 IPC | ਸੁਖਨਾ ਅਬਲੂ | ਮਨਦੀਪ ਸਿੰਘ ਪੁੱਤਰ ਗੁਰਮੇਲ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਸੁਖਨਾ ਅਬਲੂ ਉਮਰ ਕ੍ਰੀਬ 40 ਸਾਲ | 1.ਅਨੂਪ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਸੁਖਨਾ ਅਬਲੂ<br>2.ਗੋਪੀ ਸਿੰਘ ਪੁੱਤਰ ਅਨੂਪ ਸਿੰਘ ਵਾਸੀ ਸੁਖਨਾ ਅਬਲੂ<br>3.ਕਾਲੂ ਸਿੰਘ ਪੁੱਤਰ ਅਨੂਪ ਸਿੰਘ ਵਾਸੀ ਸੁਖਨਾ ਅਬਲੂ<br>4.ਗਗਨਦੀਪ ਸਿੰਘ ਉਰਫ ਬੰਟੀ ਪੁੱਤਰ ਅਮਰਜੀਤ ਸਿੰਘ ਵਾਸੀ ਸੁਖਨਾ ਅਬਲੂ | ਬਾਕੀ ਹੈ। | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਮੁਦਈ ਦੇ ਘਰ ਦੇ ਸਾਹਮਣੇ ਕੁਝ ਵੇਹਲੀ ਜਗਾ ਪਈ ਹੈ। ਜਿਥੇ ਅਨੂਪ ਸਿੰਘ ਉਕਤ ਨੇ ਝੋਨੇ ਦੀ ਫੱਕ ਕੱਢਣ ਵਾਸਤੇ ਹੜੰਬਾ ਲਾਇਆ ਹੋਇਆ ਸੀ ਅਤੇ ਮਿਤੀ 04/11/2023 ਨੂੰ ਮੁਦਈ ਮਨਦੀਪ ਸਿੰਘ ਉਕਤ ਨੇ ਅਨੂਪ ਸਿੰਘ ਉਕਤ ਨੂੰ ਕਿਹਾ ਕਿ ਚਾਚਾ ਤੁਸੀ ਸ਼ਾਮ ਨੂੰ ਪੰਜ ਕੁ ਵਜੇ ਹੜੰਬਾ ਬੰਦ ਕਰ ਦਿਆ ਕਰੋ ਕਿਉਕਿ ਅਸੀ ਰੋਟੀ ਖਾਣੀ ਹੁੰਦੀ ਹੈ।ਫੱਕ ਉੱਡ ਕੇ ਸਾਡੇ ਘਰੇ ਆਉਦੀ ਹੈ ਜਿਸਤੇ ਉਹ ਕਹਿਣ ਲੱਗਾ ਕਿ ਮੈ ਤਾ ਏਸੇ ਤਰਾ ਹੀ ਚਲਾਊਗਾ ਤੇਥੋ ਬੰਦ ਹੁੰਦਾ ਤਾ ਤੂੰ ਕਰਾ ਲਾ ਜੇਕਰ ਮੈਨੂੰ ਤੂੰ ਦੁਬਾਰਾ ਕਿਹਾ ਤਾ ਅਸੀ ਤੇਰੀਆ ਲੱਤਾ ਤੋੜ ਦਿਆਗੇ। ਮਿਤੀ 09/11/23 ਨੂੰ ਵਕਤ ਕ੍ਰੀਬ 6:00 PM ਦਾ ਹੋਵੇਗਾ ਕਿ ਅਨੂਪ ਸਿੰਘ ਪੁੱਤਰ ਅਮਰੀਕ ਮੁਸੱਲਾ ਕਾਪਾ, ਗੋਪੀ ਸਿੰਘ ਪੁੱਤਰ ਅਨੂਪ ਸਿੰਘ ਮੁਸੱਲਾ ਗੰਡਾਸਾ, ਕਾਲੂ ਸਿੰਘ ਪੁੱਤਰ ਅਨੂਪ ਸਿੰਘ ਮੁਸੱਲਾ ਡਾਗ ਅਤੇ ਗਗਨਦੀਪ ਸਿੰਘ੍ ਬੰਟੀ ਪੁੱਤਰ ਅਮਰਜੀਤ ਸਿੰਘ ਵਾਸੀਆਨ ਸੁਖਨਾ ਅਬਲੂ ਮਹਿੰਦਰਾ ਟਰੈਕਟਰ ਪਰ ਆਏ ਅਤੇ ਮੁਦਈ ਦੇ ਘਰ ਦਾ ਮੇਨ ਗੇਟ ਖੁੱਲਾ ਸੀ ਤਾਂ ਅਨੂਪ ਸਿੰਘ ਉਕਤਾਨ ਵਗੈਰਾ ਮੁਦਈ ਦੇ ਘਰ ਅੰਦਰ ਦਾਖਲ ਹੋ ਗਏ ਅਤੇ ਮੁਦਈ ਦੀ ਕੁੱਟਮਾਰ ਕੀਤੀ ਅਤੇ ਸੱਟਾਂ ਮਾਰੀਆਂ। ਜਿਸਤੇ ਮੁਕੱਦਮਾ ਉਤਕ ਦਰਜ ਰਜਿਸਟਰ ਕੀਤਾ ਗਿਆ। | --- | ਸ:ਥ ਰਛਪਾਲ ਸਿੰਘ |
| 2 | ਸਦਰ ਮਲੋਟ | 119 ਮਿਤੀ 13.11.2023 ਅ/ਧ 61/1/14 EX ACT | ਖੂੰਨਣ ਕਲਾਂ | ਰੁੱਕਾ ਵੱਲੋ ਸ:ਥ ਬਲਵਿੰਦਰ ਸਿੰਘ | ਗੁਰਜੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਪਿੰਡ ਖੂੰਨਣ ਕਲਾਂ | ਹੋ ਚੁੱਕੀ ਹੈ। | ਸੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਉਕਤ ਦੋਸੀ ਨਜਾਇਜ ਸ਼ਰਾਬ ਕਸੀਦ ਕਰਕੇ ਵੇਚਣ ਦਾ ਆਦੀ ਹੈ ।ਜੇਕਰ ਹੁਣੇ ਰੇਡ ਕੀਤਾ ਜਾਵੇ ਤਾਂ ਦੋਸੀ ਉਕਤ ਪਾਸੋ ਭਾਰੀ ਮਾਤਰਾ ਵਿੱਚ ਸ਼ਰਾਬ ਨਜਾਇਜ ਬ੍ਰਾਮਦ ਹੋ ਸਕਦੀ ਹੈ ।ਇਤਲਾਹ ਮੋਹਤਬਰ ਤੇ ਭਰੋਸੇਯੋਗ ਹੋਣ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ। | 04-1/2 ਬੋਤਲਾਂ ਸ਼ਰਾਬ ਨਜਾਇਜ | ਸ:ਥ ਬਲਵਿੰਦਰ ਸਿੰਘ |
| 3 | ਲੰਬੀ | 249 ਮਿਤੀ 13.11.2023 ਅ/ਧ 323,324,148,149,452,427,506 IPC | ਪਿੰਡ ਕਿਲਿਆਂਵਾਲੀ | ਗੁਰਲਾਲ ਸਿੰਘ S/O ਗੁਰਨਾਮ ਸਿੰਘ ਵਾਸੀ ਪਿੰਡ ਕਿਲਿਆਂਵਾਲੀ ਕਰੀਬ 44 ਸਾਲ | 1.ਰਛਪਾਲ ਸਿੰਘ @ ਗੋਲੂ ਪੁੱਤਰ ਦਰਸ਼ਨ ਸਿੰਘ 2.ਮਨਪ੍ਰੀਤ ਸਿੰਘ @ ਗੱਗੂ ਪੁੱਤਰ ਹਰਜਿੰਦਰ ਸਿੰਘ 3.ਗੁਰਪਾਲ ਸਿੰਘ ਪੁੱਤਰ ਹਰਜਿੰਦਰ ਸਿੰਘ 4.ਜਗਮੀਤ ਸਿੰਘ ਪੁੱਤਰ ਮੰਦਰ ਸਿੰਘ 5.ਗੁਰਪ੍ਰੀਤ ਸਿੰਘ @ ਗੱਗਾ ਪੁੱਤਰ ਬਾਵਾ ਸਿੰਘ 6.ਅਕਾਸ਼ਦੀਪ ਸਿੰਘ ਪੁੱਤਰ ਗੁਰਜੀਤ ਸਿੰਘ ਵਾਸੀਆਨ ਪਿੰਡ ਕਿਲਿਆਂਵਾਲੀ ਅਤੇ 7-8 ਅਣਪਛਾਤੇ ਵਿਅਕਤੀ | ਬਾਕੀ ਹੈ।- | ਸੰਖੇਪ ਹਾਲਾਤ ਮੁਕੱਦਮਾ ਇਸ ਵਕਤ ਦਰਜ ਹੈ ਕਿ ਮੁਦਈ ਮਿਤੀ 12.11.23 ਮੁੱਦਈ ਆਪਣੇ ਘਰ ਹਾਜਰ ਸੀ ਤਾਂ ਘਰ ਦੀ ਬਾਹਰਲੀ ਲਾਈਟ ਚਲ ਰਹੀ ਸੀ ਤਾ ਵਕਤ ਕਰੀਬ 9.00 PM ਦਾ ਹੋਵੇਗਾ ਕਿ ਮੁੱਦਈ ਦੇ ਘਰ ਦੇ ਬਾਹਰ ਗਲੀ ਵਿਚ ਅਚਾਨਕ ਰੌਲਾ ਰੱਪਾ ਪੈਣ ਲੱਗਾ ਤਾ ਰੌਲਾ ਸੁਣ ਕੇ ਮੁੱਦਈ ਵੀ ਆਪਣੇ ਘਰ ਦਾ ਮੇਨ ਦਰਵਾਜਾ ਖੋਲ ਕੇ ਬਾਹਰ ਵੇਖਿਆ ਤਾ ਮੁੱਦਈ ਦੇ ਭਤੀਜੇ ਸੁਖਪਾਲ ਸਿੰਘ S/O ਸਰਦੂਲ ਸਿੰਘ ਵਾਸੀ ਦੇਹ ਨਾਲ ਰਛਪਾਲ ਸਿੰਘ @ ਗੋਲੂ ਪੁੱਤਰ ਦਰਸ਼ਨ ਸਿੰਘ ਮੁੱਸਲਾ ਕੁਹਾੜੀ ,ਮਨਪ੍ਰੀਤ ਸਿੰਘ @ ਗੱਗੂ ਪੁੱਤਰ ਹਰਜਿੰਦਰ ਸਿੰਘ ਮੁੱਸਲਾ ਕਿਰਪਾਨ,ਗੁਰਪਾਲ ਸਿੰਘ ਪੁੱਤਰ ਹਰਜਿੰਦਰ ਸਿੰਘ ਮੁੱਸਲਾ ਗੰਡਾਸਾ,ਜਗਮੀਤ ਸਿੰਘ ਪੁੱਤਰ ਮੰਦਰ ਸਿੰਘ ਮੁੱਸਲਾ ਡੰਡਾ ,ਗੁਰਪ੍ਰੀਤ ਸਿੰਘ @ ਗੱਗਾ ਪੁੱਤਰ ਬਾਵਾ ਸਿੰਘ ਮੁੱਸਲਾ ਪਾਇਪ ਲੋਹਾ,ਅਕਾਸ਼ਦੀਪ ਸਿੰਘ ਪੁੱਤਰ ਗੁਰਜੀਤ ਸਿੰਘ ਮੁੱਸਲਾ ਪਾਈਪ ਲੋਹਾ ਵਾਸੀਆਨ ਪਿੰਡ ਕਿਲਿਆਂਵਾਲੀ ਅਤੇ 7-8 ਅਣਪਛਾਤੇ ਵਿਅਕਤੀ ਲੜਾਈ ਝਗੜਾ ਕਰ ਰਹੇ ਸਨ ਤਾ ਮੁੱਦਈ ਦੇ ਵੇਖਦੇ ਵੇਖਦੇ ਮਨਪ੍ਰੀਤ ਸਿੰਘ @ ਗੱਗਾ ਨੇ ਆਪਣੇ ਦਸਤੀ ਕਿਰਪਾਨ ਦਾ ਵਾਰ ਸੁਖਪਾਲ ਸਿੰਘ ਪਰ ਕਰ ਦਿਤਾ ਜੋ ਉਸਦੇ ਸਿਰ ਦੇ ਪਿਛਲੇ ਪਾਸੇ ਖੱਬਾ ਪਾਸੇ ਲੱਗਾ ਅਤੇ ਰਛਪਾਲ ਸਿੰਘ ਨੇ ਆਪਣੇ ਦਸਤੀ ਕੁਹਾੜੀ ਦਾ ਵਾਰ ਸੁਖਪਾਲ ਸਿੰਘ ਪਰ ਕੀਤਾ ਜੋ ਉਸਦੇ ਸਾਹਮਣੇ ਮੱਥੇ ਪਰ ਪੁੱਠਾ ਲੱਗਾ ਤਾ ਸੁਖਪਾਲ ਸਿੰਘ ਰੌਲਾ ਪਾਉਦਾ ਹੋਇਆ ਮੁੱਦਈ ਦੇ ਘਰ ਅੰਦਰ ਵੜ ਗਿਆ ਤਾ ਉਕਤਾਨ ਵਿਅਕਤੀ ਉਸਦੇ ਪਿੱਛੇ ਹੀ ਮੁੱਦਈ ਦੇ ਘਰ ਅੰਦਰ ਵੜ ਗਏ।ਮੁੱਦਈ ਨੇ ਇਹਨਾਂ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਪਰ ਉਕਤਾਨ ਵਿਅਕਤੀਆ ਨੇ ਮੁੱਦਈ ਦੇ ਵੀ ਕਾਫੀ ਖਿੱਚ ਧੂਹ ਕੀਤੀ ਅਤੇ ਘਰ ਖੜੀ ਗੱਡੀ Tata ACE ਨੰਬਰੀ PB-04AE-8660 ਦੀ ਵੀ ਭੰਨ ਤੋੜ ਕੀਤੀ ਅਤੇ ਹੋਰ ਵੀ ਘਰ ਵਿਚ ਇੱਟਾਂ ਰੋੜੇ ਚਲਾਏ ਜਿਸ ਨਾਲ ਮੁੱਦਈ ਦੇ ਘਰ ਦੇ ਗੇਟਾਂ ਦਾ ਵੀ ਨੁਕਸਾਨ ਹੋਇਆ।ਰੌਲਾ ਸੁਣ ਕੇ ਆਂਢ ਗੁਆਂਢ ਦਾ ਇੱਕਠ ਵੇਖ ਕੇ ਉਕਤਾਨ ਵਿਅਕਤੀ ਮੁੱਦਈ ਨੂੰ ਅਤੇ ਮੇਰੇ ਭਤੀਜੇ ਸੁਖਪਾਲ ਸਿੰਘ ਨੂੰ ਗਾਲੀ ਗਲੋਚ ਅਤੇ ਜਾਨੋ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਆਪਣੇ ਹਥਿਆਰਾਂ ਸਮੇਤ ਭੱਜ ਗਏ। ਜਿਸ ਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤ ਗਿਆ। | - | ਸ.ਥ ਅਮਰੀਕ ਸਿੰਘ0 |
| 4 | ਲੰਬੀ | 248 ਮਿਤੀ 13.11.2023 ਅ/ਧ 21-B/61/85 NDPS Act ਥਾਣਾ ਲੰਬੀ | ਪਿੰਡ ਅਰਨੀਵਾਲਾ ਫੁੱਲੂ ਖੇੜਾ ਲਿੰਕ ਰੋਡ ਪਰ ਪੁਲ ਨਹਿਰ | ਇਤਲਾਹ ਵੱਲੋ ਸ:ਥ ਜਸਵਿੰਦਰ ਸਿੰਘ | ਅਵਤਾਰ ਸਿੰਘ ਪੁੱਤਰ ਸਾਹਿਬ ਸਿੰਘ ਪੁੱਤਰ ਕਿੱਕਰ ਸਿੰਘ ਵਾਸੀ ਪਿੰਡ ਫਤਿਹਪੁਰ ਮਨੀਆ | ਹੋ ਚੁੱਕੀ ਹੈ। | ਇਕ ਲਿਖਤੀ ਵੱਲੋ ਸ:ਥ ਜਸਵਿੰਦਰ ਸਿੰਘ ਨੰਬਰ 71/ਸ.ਮ.ਸ ਨੇ ਆਪਣੇ ਮੋਬਾਇਲ ਫੋਨ ਨੰਬਰ 80543-70071 ਤੋ SI ਸੁਖਜਿੰਦਰ ਸਿੰਘ ਨੰ: 2905/ਬਟਾਲਾ ਦੇ ਮੋਬਾਇਲ ਨੰਬਰ 99157-04856 ਪਰ ਵਟਸ ਅਪ ਕਾਲ ਕਰਕੇ ਦੱਸਿਆ ਕਿ ਸਮੇਤ ਪੁਲਿਸ ਪਾਰਟੀ ਦੇ ਪਿੰਡ ਡੱਬਵਾਲੀ ਮਲਕੋ ਤੋ ਪਿੰਡ ਅਰਨੀਵਾਲਾ ਫੁੱਲੂ ਖੇੜਾ ਲਿੰਕ ਰੋਡ ਪਰ ਪੁਲ ਨਹਿਰ ਤੇ ਨਾਕਾ ਬੰਦੀ ਕਰਕੇ ਸ਼ੱਕੀ ਵਿਅਕਤੀਆ ਤੇ ਸ਼ੱਕੀ ਵਹੀਕਲਾ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾ ਪਿੰਡ ਅਰਨੀਵਾਲਾ ਫੁੱਲੂ ਖੇੜਾ ਦੀ ਤਰਫੋ ਇੱਕ ਮੋਟਰਸਾਈਕਲ ਸਵਾਰ ਆਇਆ ।ਜਿਸਨੂੰ ਪੁਲਿਸ ਪਾਰਟੀ ਨੇ ਮੋਟਰਸਾਈਕਲ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾ ਜਿਸ ਨੇ ਇੱਕ ਦਮ ਘਬਰਾ ਕੇ ਆਪਣਾ ਮੋਟਰਸਾਈਕਲ ਪਿੱਛੇ ਵੱਲ ਮੋੜਨ ਦੀ ਕੋਸ਼ਿਸ਼ ਕੀਤੀ। ਜਿਸਨੂੰ ਪੁਲਿਸ ਪਾਰਟੀ ਨੇ ਸੱਕ ਦੀ ਬਿਨਾਹ ਪਰ ਕਾਬੂ ਕੀਤਾ।ਜਿਸ ਤੇ ਅਗਲੀ ਕਾਰਵਾਈ ਲਈ SI ਸੁਖਜਿੰਦਰ ਸਿੰਘ 2905/ਬਟਾਲਾ ਇੰਚਾਰਜ ਚੌਕੀ ਭਾਈ ਕਾ ਕੇਰਾ ਮੌਕਾ ਪਰ ਪੁੱਜੇ।ਜਿੰਨਾ ਨੇ ਹਸਬ ਜਾਬਤਾ ਕਾਰਵਾਈ ਅਮਲ ਵਿੱਚ ਲਿਆਉਦੇ ਹੋਈ ਦੋਸ਼ੀ ਉਕਤ ਦੇ ਕਬਜਾ ਵਿਚਲੇ ਮੋਟਰਸਾਈਕਲ ਦੇ ਹੈਡਲ ਦੇ ਵਿਚਾਲੇ ਲੱਗੇ ਬੈਗ ਵਿਚੋ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ।ਜਿਸ ਤੇ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | 10 ਗ੍ਰਾਮ ਹੈਰੋਇਨ ਅਤੇ ਮੋਟਰਸਾਇਕਲ ਹੀਰੋ ਸਪਲੈਂਡਰ PB 53 D 7954 | SI ਸੁਖਜਿੰਦਰ ਸਿੰਘ ਇੰਚਾਰਜ ਚੌਕੀ ਭਾਈ ਕਾ ਕੇਰਾ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ